

ਐਡਵੋਕੇਸੀ ਅਕਸੈੱਸ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ

**3**

ਮਾਰਚ 2011

# ਡਿਸਏਬਿਲਟੀਜ਼ ਵਾਲੇ ਵਿਅਕਤੀਆਂ (ਪੀ ਡਬਲਯੂ ਡੀ) ਲਈ ਭੱਤਿਆਂ ਲਈ ਮਿਲਾਨ-ਸੂਚੀ

ਇਸ ਹੈਲਪ ਸ਼ੀਟ ਲਈ ਫੰਡ ਲੀਗਲ ਸਰਵਿਸਿਜ਼ ਸੁਸਾਇਟੀ ਆਫ ਬੀ ਸੀ, ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ ਕੈਨੇਡਾ: ਹੋਮਲੈੱਸਨੈੱਸ ਪਾਰਟਨਰਿੰਗ ਸਟਰੈਟਜੀ ਅਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ ਤੋਂ ਮਿਲੇ ਹਨ।

ਜੇ ਤੁਸੀਂ ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ (ਐੱਮ ਐੱਸ ਡੀ) ਤੋਂ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤੇ ਲੈਂਦੇ ਹੋ ਤਾਂ ਕੁਝ ਪ੍ਰੋਗਰਾਮ ਅਤੇ ਭੱਤੇ (ਬੈਨੇਫਿਟਸ) ਹਨ ਜਿਹੜੇ ਤੁਸੀਂ ਲੈਣ ਦੇ ਹੱਕਦਾਰ ਹੋ ਸਕਦੇ ਹੋ।

ਮਨਿਸਟਰੀ ਰਾਹੀਂ ਮਿਲਣ ਵਾਲੇ ਭੱਤਿਆਂ ਜਾਂ ਸਪਲੀਮੈਂਟਾਂ ਲਈ ਸਫਾ 2 ’ਤੇ ਐੱਮ ਐੱਸ ਡੀ ਦੇ ਪ੍ਰੋਗਰਾਮ ਦੇਖੋ। ਹੋਰ ਵਸੀਲਿਆਂ ਤੋਂ ਮਿਲਣ ਵਾਲੇ ਭੱਤਿਆਂ ਬਾਰੇ ਸਫਾ 5 ’ਤੇ ਹੋਰ ਸੰਸਥਾਵਾਂ ਰਾਹੀਂ ਭੱਤੇ ਥੱਲੇ ਦੱਸਿਆ ਗਿਆ ਹੈ।

## ਮਦਦ ਕਰਨ ਵਾਲੇ ਸੁਝਾਅ

### ਬੱਸ ਪਾਸ ਲਈ ਅਪਲਾਈ ਕਰੋ

ਪੀ ਡਬਲਯੂ ਡੀ ਲਈ ਪ੍ਰਵਾਨ ਕਰ ਲਏ ਜਾਣ ਤੋਂ ਬਾਅਦ ਜਿਹੜੀਆਂ ਪਹਿਲੀਆਂ ਚੀਜ਼ਾਂ ਤੁਹਾਨੂੰ ਕਰਨੀਆਂ ਚਾਹੀਦੀਆਂ ਹਨ ਉਨ੍ਹਾਂ ਵਿੱਚੋਂ ਇਕ ਸਲਾਨਾ ਬੱਸ ਪਾਸ ਲਈ ਅਪਲਾਈ ਕਰਨਾ ਹੈ। ਬੱਸ ਪਾਸ ਪ੍ਰੋਗਰਾਮ ਨੂੰ 1-866-866-0800 ’ਤੇ ਫੋਨ ਕਰੋ ਅਤੇ ਉਨ੍ਹਾਂ ਨੂੰ ਕਹੋ ਕਿ ਉਹ ਤੁਹਾਨੂੰ ਇਕ ਅਰਜ਼ੀ (ਐਪਲੀਕੇਸ਼ਨ) ਫਾਰਮ ਡਾਕ ਰਾਹੀਂ ਭੇਜਣ। ਜਦੋਂ ਤੁਹਾਨੂੰ ਇਹ ਮਿਲ ਜਾਵੇ ਤਾਂ ਤੁਸੀਂ 45 ਡਾਲਰ ਦੀ ਫੀਸ ਆਪਣੀ ਬੈਂਕ ਵਿਚ ਦੇ ਸਕਦੇ ਹੋ ਅਤੇ ਬੱਸ ਪਾਸ ਪ੍ਰੋਗਰਾਮ ਤੁਹਾਨੂੰ ਪਾਸ ਡਾਕ ਰਾਹੀਂ ਭੇਜ ਦੇਵੇਗਾ।

### ਮੁਫਤ ਫੋਨ ਕਰਨਾ

ਲੌਂਗ ਡਿਸਟੈਂਸ ਦੇ ਖਰਚੇ ਤੋਂ ਬਚਣ ਲਈ, ਤੁਸੀਂ ਬੀ ਸੀ ਵਿਚ ਕਿਤਿਉਂ ਵੀ 1-866-866-0800 ’ਤੇ ਐੱਮ ਐੱਸ ਡੀ ਨੂੰ ਮੁਫਤ ਫੋਨ ਕਰ ਸਕਦੇ ਹੋ।

ਜੇ ਤੁਸੀਂ ਵਿਕਟੋਰੀਆ ਵਿਚ ਕਿਸੇ ਸਰਕਾਰੀ ਦਫਤਰ ਨੂੰ ਫੋਨ ਕਰਨਾ ਹੋਵੇ ਤਾਂ ਤੁਸੀਂ ਸਰਵਿਸ ਬੀ ਸੀ ਨੂੰ ਵੀ ਫੋਨ ਕਰ ਸਕਦੇ ਹੋ। ਉਹ ਤੁਹਾਨੂੰ ਜੋੜਨਗੇ ਅਤੇ ਤੁਹਾਨੂੰ ਲੌਂਗ ਡਿਸਟੈਂਸ ਰੇਟ ਚਾਰਜ ਨਹੀਂ ਕੀਤੇ ਜਾਣਗੇ। ਸਰਵਿਸ ਬੀ ਸੀ ਨੂੰ 604-660-2421’ਤੇ ਜਾਂ 1-800-663-7867 ’ਤੇ ਫੋਨ ਕਰੋ ਅਤੇ ਉਸ ਦਫਤਰ ਨਾਲ ਜੋੜੇ ਜਾਣ ਲਈ ਕਹੋ ਜਿਹੜਾ ਤੁਸੀਂ ਚਾਹੁੰਦੇ ਹੋ। ਜੇ ਤੁਹਾਡੇ ਕੋਲ ਉਹ ਫੋਨ ਨੰਬਰ ਨਹੀਂ ਹੈ ਜਿਸ ਦੀ ਤੁਹਾਨੂੰ ਲੋੜ ਹੈ ਤਾਂ ਸਰਵਿਸ ਬੀ ਸੀ ਇਸ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਵੈਨਕੂਵਰ ਤੋਂ ਟੀ ਟੀ ਵਾਈ ਫੋਨ: 604-775-0303 ਬੀ ਸੀ ਵਿਚ ਹੋਰ ਕਿਤਿਉਂ ਵੀ ਟੀ ਟੀ ਫੋਨ: 1-800-661-8773

# ਐੱਮ ਐੱਸ ਡੀ ਦੇ ਪ੍ਰੋਗਰਾਮ

ਅੱਗੇ ਲਿਖੇ ਪ੍ਰੋਗਰਾਮ ਅਤੇ ਭੱਤੇ ਐੱਮ ਐੱਸ ਡੀ ਰਾਹੀਂ ਉਪਲਬਧ ਹਨ।

## ਉਹ ਭੱਤੇ ਜਿਨ੍ਹਾਂ ਲਈ ਤੁਸੀਂ ਪੀ ਡਬਲਯੂ ਡੀ ਲੈਣ ਵੇਲੇ ਆਪਣੇ ਆਪ ਹੀ ਹੱਕਦਾਰ ਹੋ

☐ **ਦੰਦਾਂ ਦੇ ਇਲਾਜ ਦੀ ਕਵਰੇਜ, ਜਿਸ ਵਿਚ 2 ਸਾਲਾਂ ਦੇ ਸਮੇਂ ਦੌਰਾਨ 1000 ਡਾਲਰ ਤੱਕ ਦੇ ਬਣਾਉਟੀ ਦੰਦਾਂ ਦੀਆਂ ਸੇਵਾਵਾਂ ਵੀ ਸ਼ਾਮਲ ਹਨ।** 1000 ਡਾਲਰ ਦੀ ਇਹ ਹੱਦ ਕੁਝ ਖਾਸ ਹਾਲਤਾਂ ਵਿਚ ਹੀ ਵਧਾਈ ਜਾ ਸਕਦੀ ਹੈ ਜਿਵੇਂ ਕਿ ਦਰਦ ਤੋਂ ਐਮਰਜੰਸੀ ਵਿਚ ਆਰਾਮ ਦਿਵਾਉਣਾ। ਦੰਦਾਂ ਦਾ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਦੰਦਾਂ ਦੇ ਡਾਕਟਰਾਂ ਲਈ ਮਨਜ਼ੂਰੀ ਲੈਣਾ ਜ਼ਰੂਰੀ ਹੈ।

☐ **ਐਨਕਾਂ** – ਲੈਨਜ਼ ਅਤੇ ਫਰੇਮ ਹਰ 3 ਸਾਲਾਂ ਬਾਅਦ

☐ ਐੱਮ ਐੱਸ ਡੀ ਹਰ ਦੋ ਸਾਲਾਂ ਬਾਅਦ **ਓਪਟੋਮੀਟਰਿਸਟ ਵਲੋਂ ਜਾਂਚ** ਲਈ 44 ਡਾਲਰ 83 ਸੈਂਟ ਅਤੇ **ਓਪਥਾਮੋਲੋਜਿਸਟ ਵਲੋਂ ਜਾਂਚ** ਲਈ 48 ਡਾਲਰ 90 ਸੈਂਟ ਦਿੰਦਾ ਹੈ।

☐ **ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਦੀ ਕਵਰੇਜ**

☐ **ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ**

☐ **ਸਲਾਨਾ ਬੱਸ ਪਾਸ**

## ਉਹ ਭੱਤੇ ਜਿਨ੍ਹਾਂ ਲਈ ਤੁਸੀਂ ਪੀ ਡਬਲਯੂ ਡੀ ਲੈਣ ਵੇਲੇ ਹੱਕਦਾਰ ਹੋ ਸਕਦੇ ਹੋ

### ਸਿਹਤ ਭੱਤੇ

ਕਈ ਸਿਹਤ ਭੱਤੇ ਹਨ ਜਿਨ੍ਹਾਂ ਲਈ ਤੁਸੀਂ ਪੀ ਡਬਲਯੂ ਡੀ ਲੈਣ ਵੇਲੇ ਹੱਕਦਾਰ ਹੋ ਸਕਦੇ ਹੋ, ਜੇ ਤੁਸੀਂ ਸ਼ਰਤਾਂ ਪੂਰੀਆਂ ਕਰਦੇ ਹੋਵੋ। ਇਹ ਜਾਣਕਾਰੀ ਲੈਣ ਲਈ ਕਿ ਅੱਗੇ ਲਿਖੀਆਂ ਚੀਜ਼ਾਂ ਲਈ ਅਪਲਾਈ ਕਿਵੇਂ ਕਰਨਾ ਹੈ, ਆਪਣੇ ਸਥਾਨਕ ਐੱਮ ਐੱਸ ਡੀ ਦਫਤਰ ਨਾਲ ਸੰਪਰਕ ਕਰੋ।

☐ ਹਰ ਮਹੀਨੇ 10 ਡਾਲਰ ਤੋਂ 50 ਡਾਲਰ ਤੱਕ ਖੁਰਾਕ ਦਾ ਅਲਾਊਂਸ ਜੋ ਕਿ ਸਿਰਫ ਬੀਮਾਰੀ ਦੀ ਕਿਸੇ ਖਾਸ ਪਛਾਣ ਲਈ ਹੀ ਹੈ। ਐੱਮ ਐੱਸ ਡੀ ਦਾ ਕੋਈ ਖਾਸ ਅਰਜ਼ੀ ਫਾਰਮ ਨਹੀਂ ਹੈ। ਤੁਸੀਂ ਆਪਣੇ ਡਾਕਟਰ ਤੋਂ ਇਕ ਨੋਟ ਲਿਖਵਾ ਸਕਦੇ ਹੋ ਜਿਹੜਾ ਤੁਹਾਡੀ ਹਾਲਤ ਬਾਰੇ ਉਸ ਖਾਸ ਖੁਰਾਕ ਦੀ ਕਿਸਮ ਬਾਰੇ ਦੱਸਦਾ ਹੋਵੇ ਜਿਸ ਦੀ ਤੁਹਾਨੂੰ ਲੋੜ ਹੈ। ਇਹ ਨਵਿਆਇਆ ਜਾਣ ਵਾਲਾ ਭੱਤਾ ਹੈ।

☐ ਕਿਸੇ ਪੁਰਾਣੀ ਬੀਮਾਰੀ ਕਾਰਨ ਖੁਰਾਕੀ ਤੱਤਾਂ ਦੀਆਂ ਲੋੜਾਂ ਵਾਲੇ ਲੋਕਾਂ ਲਈ ਪ੍ਰਤੀ ਮਹੀਨਾ 205 ਡਾਲਰ ਤੱਕ ਦਾ **ਮਹੀਨਾਵਾਰ ਨਿਊਟਰੀਸ਼ਨਲ ਸਪਲੀਮੈਂਟ ਬੈਨੇਫਿਟ (ਐੱਮ ਐੱਨ ਐੱਸ)**। ਇਹ ਭੱਤਾ ਵਿਟਾਮਿਨ ਲਈ ਪੈਸੇ (40 ਡਾਲਰ) ਅਤੇ ਖੁਰਾਕੀ ਤੱਤਾਂ ਲਈ ਪੈਸੇ (165 ਡਾਲਰ) ਵਿਚ ਵੰਡਿਆ ਜਾਂਦਾ ਹੈ। ਜੇ ਤੁਹਾਨੂੰ ਵਿਟਾਮਿਨ ਲਈ ਪੈਸੇ ਮਿਲਦੇ ਹਨ ਤਾਂ ਤੁਹਾਨੂੰ ਖੁਰਾਕ ਦਾ ਅਲਾਊਂਸ ਵੀ ਮਿਲ ਸਕਦਾ ਹੈ। ਪਰ ਜੇ ਤੁਹਾਨੂੰ ਖੁਰਾਕੀ ਤੱਤਾਂ ਲਈ ਪੈਸੇ ਮਿਲਦੇ ਹਨ ਤਾਂ ਤੁਸੀਂ ਖੁਰਾਕ ਦੇ ਅਲਾਊਂਸ ਲਈ ਹੱਕਦਾਰ ਨਹੀਂ ਹੋ। ਐੱਮ ਐੱਨ ਐੱਸ ਅਰਜ਼ੀ ਲੈਣ ਲਈ ਆਪਣੇ ਐੱਮ ਐੱਸ ਡੀ ਦਫਤਰ ਨਾਲ ਸੰਪਰਕ ਕਰੋ।

☐ **ਵਰਤ ਕੇ ਸੁੱਟਣਯੋਗ ਮੈਡੀਕਲ ਜਾਂ ਸਰਜੀਕਲ ਸਪਲਾਈ**
ਉਦਾਹਰਣ ਲਈ, ਨਿੱਜੀ ਸਫਾਈ ਲਈ ਚੀਜ਼ਾਂ।

☐ **ਕੈਰੋਪਰੈਕਟਿਕ, ਮਾਲਸ਼ ਨਾਲ ਇਲਾਜ, ਫਿਜ਼ੀਓਥੈਰੇਪੀ ਅਤੇ ਪੈਰਾਂ ਦੇ ਇਲਾਜ ਲਈ ਵਾਧੂ ਫੇਰੀਆਂ।**

☐ **ਡਾਕਟਰੀ ਸਾਜ਼-ਸਮਾਨ ਅਤੇ ਯੰਤਰ, ਜਿਨ੍ਹਾਂ ਵਿਚ ਤੁਰਨ ਫਿਰਨ ਵਿਚ ਸਹਾਇਤਾ ਕਰਨ ਵਾਲੀਆਂ ਚੀਜ਼ਾਂ ਵੀ ਸ਼ਾਮਲ ਹਨ**
ਉਦਾਹਰਣ ਲਈ, ਸੁਣਨ ਵਿਚ ਮਦਦ ਕਰਨ ਵਾਲੇ ਯੰਤਰ, ਵੀਲਚੇਅਰਾਂ, ਸੋਟੀਆਂ, ਵਾਕਰ, ਫਹੁੜੀਆਂ, ਮੇਚ ਦੇ ਬਣਾਏ ਬੂਟ।

☐ **ਮੈਡੀਕਲ ਅਪੌਇੰਟਮੈਂਟਾਂ ਲਈ ਜਾਣਾ**
ਮੈਡੀਕਲ ਅਪੌਇੰਟਮੈਂਟਾਂ ਲਈ ਆਉਣ ਜਾਣ ਲਈ ਫੰਡ। ਇਹ ਐੱਮ ਐੱਸ ਡੀ ਵਲੋਂ ਪਹਿਲਾਂ ਮਨਜ਼ੂਰ ਕੀਤੇ ਜਾਣੇ ਜ਼ਰੂਰੀ ਹਨ।

☐ ਸ਼ਰਾਬ ਅਤੇ ਨਸ਼ੇ ਛਡਾਊ ਕੇਂਦਰਾਂ ਨੂੰ **ਜਾਣ ਅਤੇ ਆਉਣ ਲਈ ਅਲਾਊਂਸ**।

ਹੈਲਪ ਸ਼ੀਟ 7 ਵੀ ਦੇਖੋ: ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਸਿਹਤ ਸਪਲੀਮੈਂਟ

## ਰੁਜ਼ਗਾਰ ਦੀ ਆਮਦਨ

☐ **ਕਮਾਈ ਵਿਚ ਛੋਟ**
ਤੁਸੀਂ ਹਰ ਮਹੀਨੇ 500 ਡਾਲਰ ਤੱਕ ਆਪਣੇ ਭੱਤਿਆਂ 'ਤੇ ਕੋਈ ਅਸਰ ਪਏ ਬਿਨਾਂ ਕਮਾ ਸਕਦੇ ਹੋ। ਜੇ ਤੁਹਾਡਾ ਪਾਰਟਨਰ (ਵਿਆਹੁਤਾ ਜਾਂ ਕੌਮਨ ਲਾਅ) ਵੀ ਪੀ ਡਬਲਯੂ ਡੀ 'ਤੇ ਹੈ ਤਾਂ ਤੁਹਾਡੇ ਦੋਨਾਂ ਲਈ ਕਮਾਈ ਵਿਚ ਛੋਟ 750 ਡਾਲਰ ਹੈ। ਤੁਹਾਡੇ ਲਈ ਸਾਰੀ ਆਮਦਨ ਬਾਰੇ ਐੱਮ ਐੱਸ ਡੀ ਨੂੰ ਦੱਸਣਾ ਜ਼ਰੂਰੀ ਹੈ, ਪਰ ਜੇ ਤੁਹਾਡੀ ਮਹੀਨਾਵਾਰ ਆਮਦਨ ਇੱਕੋ ਜਿਹੀ ਰਹਿੰਦੀ ਹੈ ਤਾਂ ਤੁਹਾਨੂੰ ਇਸ ਬਾਰੇ ਪਹਿਲੇ ਮਹੀਨੇ ਤੋਂ ਬਾਅਦ ਰਿਪੋਰਟ ਕਰਨ ਦੀ ਲੋੜ ਨਹੀਂ ਹੈ। ਜੇ ਤੁਹਾਡੀ ਆਮਦਨ ਵਿਚ ਤਬਦੀਲੀ ਆਉਂਦੀ ਹੈ (ਉਪਰ ਜਾਂ ਥੱਲੇ ਜਾਂਦੀ ਹੈ) ਤਾਂ ਤੁਹਾਡੇ ਲਈ ਇਸ ਬਾਰੇ ਐੱਮ ਐੱਸ ਡੀ ਨੂੰ ਆਪਣੀ ਚੈੱਕ ਵਾਲੀ ਰਸੀਦ 'ਤੇ ਅਗਲੇ ਮਹੀਨੇ ਦੇ 5ਵੇਂ ਦਿਨ ਤੱਕ ਦੱਸਣਾ ਜ਼ਰੂਰੀ ਹੈ।

ਹੈਲਪ ਸ਼ੀਟ 9 ਵੀ ਦੇਖੋ: ਰੁਜ਼ਗਾਰ ਦੀਆਂ ਪਲੈਨਾਂ ਅਤੇ ਡਿਸਏਬਲ ਲੋਕ।

## ਵਾਲੰਟੀਅਰ ਪ੍ਰੋਗਰਾਮ

☐ **ਕਮਿਊਨਟੀ ਵਾਲੰਟੀਅਰ ਸਪਲੀਮੈਂਟ (ਸੀ ਵੀ ਐੱਸ)**
ਤੁਹਾਨੂੰ ਵਾਲੰਟੀਅਰ ਕੰਮ ਲਈ ਹਰ ਮਹੀਨੇ 100 ਡਾਲਰ ਤੱਕ ਮਿਲ ਸਕਦੇ ਹਨ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਇਸ ਪ੍ਰੋਗਰਾਮ ਲਈ ਲੰਮੀ ਉਡੀਕ ਲਿਸਟ ਹੈ। ਜਾਣਕਾਰੀ ਲਈ ਐੱਮ ਐੱਸ ਡੀ ਨਾਲ ਸੰਪਰਕ ਕਰੋ।

☐ **ਟਰੇਨਿੰਗ ਇਨਸ਼ੀਏਟਿਵ ਸਪਲੀਮੈਂਟ (ਟੀ ਆਈ ਐੱਸ)**
ਤੁਹਾਨੂੰ ਵਾਲੰਟੀਅਰ ਕੰਮ ਲਈ ਹਰ ਮਹੀਨੇ 50 ਡਾਲਰ ਮਿਲ ਸਕਦੇ ਹਨ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਇਸ ਪ੍ਰੋਗਰਾਮ ਲਈ ਲੰਮੀ ਉਡੀਕ ਲਿਸਟ ਹੈ। ਟੀ ਆਈ ਐੱਸ 36 ਮਹੀਨਿਆਂ ਦੇ ਸਮੇਂ ਵਿੱਚੋਂ 12 ਮਹੀਨੇ ਤੱਕ ਹੀ ਲਿਆ ਜਾ ਸਕਦਾ ਹੈ। ਤੁਸੀਂ ਟੀ ਆਈ ਐੱਸ ਅਤੇ ਸੀ ਵੀ ਐੱਸ ਦੋਨੋਂ ਨਹੀਂ ਲੈ ਸਕਦੇ। ਜਾਣਕਾਰੀ ਲਈ ਆਪਣੇ ਐੱਮ ਐੱਸ ਡੀ ਦੇ ਦਫਤਰ ਨਾਲ ਸੰਪਰਕ ਕਰੋ।

ਹੈਲਪ ਸ਼ੀਟ 10 ਵੀ ਦੇਖੋ: ਡਿਸਏਬਿਲਟੀ ਵਾਲੇ ਲੋਕਾਂ ਲਈ ਰੁਜ਼ਗਾਰ, ਪੜ੍ਹਾਈ ਅਤੇ ਟਰੇਨਿੰਗ ਸਪਲੀਮੈਂਟ

## ਐੱਮ ਐੱਸ ਡੀ ਦੇ ਹੋਰ ਭੱਤੇ

☐ **ਸਪੈਸ਼ਲ ਟ੍ਰਾਂਸਪੋਰਟੇਸ਼ਨ ਸਬਸਿਡੀ**
ਉਨ੍ਹਾਂ ਲੋਕਾਂ ਲਈ ਜਿਹੜੇ ਗੱਡੀਆਂ ਦਾ ਸਰਕਾਰੀ ਸਿਸਟਮ ਨਹੀਂ ਵਰਤ ਸਕਦੇ ਜਿਸ ਵਿਚ ਹੈਂਡੀਡਾਰਟ ਵੀ ਸ਼ਾਮਲ ਹੈ। ਜਾਣਕਾਰੀ ਲਈ ਐੱਮ ਐੱਸ ਡੀ ਨਾਲ ਸੰਪਰਕ ਕਰੋ।

☐ **ਮੂਵ ਹੋਣ ਦੇ ਖਰਚੇ ਅਤੇ ਸਕਿਉਰਟੀ ਡਿਪਾਜ਼ਿਟ**
ਜਾਣਕਾਰੀ ਲਈ ਆਪਣੇ ਐੱਮ ਐੱਸ ਡੀ ਦੇ ਦਫਤਰ ਨਾਲ ਸੰਪਰਕ ਕਰੋ।

☐ **ਕਰਿਸਮਿਸ ਸਪਲੀਮੈਂਟ**
35 ਡਾਲਰ ਇਕ ਵਿਅਕਤੀ ਲਈ; 70 ਡਾਲਰ ਜੋੜਿਆਂ ਲਈ; 70 ਡਾਲਰ ਪਰਿਵਾਰਾਂ ਲਈ ਜਮ੍ਹਾਂ 10 ਡਾਲਰ ਪ੍ਰਤੀ ਬੱਚਾ।

☐ **ਸੰਕਟ ਲਈ ਸਪਲੀਮੈਂਟ**
ਹਰ ਸਾਲ ਪ੍ਰਤੀ ਵਿਅਕਤੀ 100 ਡਾਲਰ ਕੱਪੜਿਆਂ ਲਈ, ਹਰ ਮਹੀਨੇ ਖਾਣੇ ਲਈ ਪ੍ਰਤੀ ਵਿਅਕਤੀ 20 ਡਾਲਰ, ਅਤੇ ਐਮਰਜੰਸੀ ਵਿਚ ਕਿਰਾਏ ਵਿਚ ਮਦਦ। ਫੰਡ ਇਕ ਵੇਲੇ ਐਮਰਜੰਸੀ ਲੋੜ ਲਈ ਵੀ ਦਿੱਤੇ ਜਾ ਸਕਦੇ ਹਨ।

☐ **ਹਰ ਮਹੀਨੇ 45 ਡਾਲਰ ਦਾ ਨੈਟਲ ਅਲਾਊਂਸ**
ਤੁਹਾਨੂੰ ਡਾਕਟਰ ਦੀ ਚਿੱਠੀ ਦੇਣ ਦੀ ਲੋੜ ਪਵੇਗੀ।

☐ **ਹਰ ਮਹੀਨੇ 95 ਡਾਲਰ ਦਾ ਗਾਈਡ ਐਨੀਮਲ (ਗਾਈਡ ਕੁੱਤਾ) ਸਪਲੀਮੈਂਟ**

# ਹੋਰ ਸੰਸਥਾਵਾਂ ਰਾਹੀਂ ਭੱਤੇ

ਇਹ ਪ੍ਰੋਗਰਾਮ ਅਤੇ ਭੱਤੇ ਵੱਖ ਵੱਖ ਸੰਸਥਾਵਾਂ ਅਤੇ ਏਜੰਸੀਆਂ ਰਾਹੀਂ ਉਪਲਬਧ ਹਨ।

## ਰਿਹਾਇਸ਼

☐ **ਪਹੁੰਚਯੋਗ/ਵਾਰਾ ਖਾਣ ਯੋਗ ਰਿਹਾਇਸ਼**
ਬੀ ਸੀ ਹਾਊਸਿੰਗ ਮੈਨੇਜਮੈਂਟ ਕਮਿਸ਼ਨ (ਬੀ ਸੀ ਹਾਊਸਿੰਗ) ਨੂੰ 1-800-257-7756 ’ਤੇ ਫੋਨ ਕਰੋ। ਵੈੱਬਸਾਈਟ: www.bchousing.org

☐ **ਡਿਸਏਬਲ ਲੋਕਾਂ ਲਈ ਵਾਧੂ ਹੋਮ ਓਨਰ ਗਰਾਂਟ**
ਡਿਸਏਬਲ ਘਰ ਮਾਲਕਾਂ ਲਈ। ਆਪਣੇ ਮਿਊਂਸਪਲ ਪ੍ਰਾਪਰਟੀ ਟੈਕਸ ਵਿਭਾਗ ਨਾਲ ਸੰਪਰਕ ਕਰੋ।

☐ **ਪ੍ਰਾਪਰਟੀ ਟੈਕਸ ਮੁਲਤਵੀ ਕਰਨਾ**
ਆਪਣੇ ਮਿਊਂਸਪਲ ਪ੍ਰਾਪਰਟੀ ਟੈਕਸ ਵਿਭਾਗ ਨਾਲ ਸੰਪਰਕ ਕਰੋ।

## ਆਵਾਜਾਈ

**ਇਨ੍ਹਾਂ ਵਿੱਚੋਂ ਕੁਝ ਪ੍ਰੋਗਰਾਮਾਂ ਲਈ ਤੁਹਾਡੀ ਚਲਣਸ਼ੀਲਤਾ ਸੀਮਤ ਹੋਣੀ ਜ਼ਰੂਰੀ ਹੈ**

☐ **ਆਟੋਪਲੈਨ ਡਿਸਏਬਿਲਟੀ ਡਿਸਕਾਊਂਟ (ਆਈ ਸੀ ਬੀ ਸੀ)**
604-661-2100 ’ਤੇ ਫੋਨ ਕਰੋ ਜਾਂ ਜੇ ਤੁਸੀਂ ਲੋਅਰ ਮੇਨਲੈਂਡ ਤੋਂ ਬਾਹਰ ਹੋ ਤਾਂ 1-800-663-3051’ਤੇ ਫੋਨ ਕਰੋ। ਤੁਸੀਂ ਆਪਣੇ ਆਈ ਸੀ ਬੀ ਸੀ ਦੇ ਸਥਾਨਕ ਏਜੰਟ ਨਾਲ ਵੀ ਸੰਪਰਕ ਕਰ ਸਕਦੇ ਹੋ। ਤੁਹਾਡੇ ਵਲੋਂ ਸੂਬਾਈ ਮੋਟਰ ਵਹੀਕਲ ਫਿਊਲ ਟੈਕਸ ਰੀਬੇਟ ਲੈਂਦੇ ਹੋਣਾ ਜ਼ਰੂਰੀ ਹੈ। ਵੈੱਬਸਾਈਟ: www.icbc.com

☐ **ਬੀ ਸੀ ਫੈਰੀ ਪਾਸ**
ਬੀ ਸੀ ਫੈਰੀ ਕਾਰਪੋਰੇਸ਼ਨ ਕੋਲ ਸਿੱਧਾ ਅਪਲਾਈ ਕਰੋ। ਤੁਹਾਨੂੰ ਆਪਣੇ ਐੱਮ ਐੱਸ ਡੀ ਦਫਤਰ ਤੋਂ ਰਿਲੀਜ਼ ਆਫ ਇਨਫਰਮੇਸ਼ਨ ਫਾਰਮ ਨਾਂ ਦੇ ਫਾਰਮ ਦੀ ਲੋੜ ਪਵੇਗੀ। ਐਪਲੀਕੇਸ਼ਨ ਫਾਰਮ ਲਈ 1-888-223-3779 ’ਤੇ ਫੋਨ ਕਰੋ ਜਾਂ www.bcferries.bc.ca ਵੈੱਬਸਾਈਟ ’ਤੇ ਜਾਉ।

☐ **ਫੈਡਰਲ ਐਕਸਾਈਜ਼ ਗੈਸੋਲੀਨ ਟੈਕਸ ਰੀਫੰਡ**
ਕੈਨੇਡਾ ਰੈਵੇਨਿਊ ਏਜੰਸੀ ਨੂੰ 1-877-432-5472 ’ਤੇ ਫੋਨ ਕਰੋ। ਫੋਨ ਲਾਈਨਾਂ ਦੁਪਹਿਰ ਦੇ 12 ਵਜੇ ਤੋਂ ਰਾਤ ਦੇ 9 ਵਜੇ ਤੱਕ (ਬੀ ਸੀ ਟਾਈਮ) ਖੁਲ੍ਹੀਆਂ ਹੁੰਦੀਆ ਹਨ। ਵੈੱਬਸਾਈਟ: www.servicecanada.gc.bc/en/goc/gasoline_tax_refund.shtml.

☐ **ਫਲਾਈਟ ਡਿਸਕਾਊਂਟ**
ਤੁਹਾਨੂੰ ਸਾਂਭਣ ਵਾਲਾ ਤੁਹਾਡੇ ਨਾਲ ਮੁਫਤ ਜਾ ਸਕਦਾ ਹੈ; ਏਅਰਲਾਈਨ ਤੋਂ ਵੇਰਵੇ ਮੰਗੋ।

☐ **ਸੂਬਾਈ ਮੋਟਰ ਵਹੀਕਲ ਫਿਊਲ ਟੈਕਸ ਰੀਬੇਟ**
ਬੀ ਸੀ ਕੰਜ਼ਿਊਮਰ ਟੈਕਸੈਸ਼ਨ ਬਰਾਂਚ ਨੂੰ 1-877 388-4440 ’ਤੇ ਫੋਨ ਕਰੋ। ਵੈੱਬਸਾਈਟ: www.gov.bc.ca/sbr

☐ **ਡਿਸਏਬਲ ਲੋਕਾਂ ਲਈ ਪਾਰਕਿੰਗ ਪਰਮਿਟ**
ਪਰਮਿਟ ਲਈ ਅਪਲਾਈ ਕਰਨ ਲਈ ਫੋਨ ਕਰੋ:
- ਬੀਕਨ ਕਮਿਊਨਟੀ ਸਰਵਿਸਿਜ਼ (ਸਿਡਨੀ) 250-656-5537
- ਸਿਟੀ ਆਫ ਕਲੋਨਾ 250-763-6011
- ਕੋਈਚਿਨ ਵੈਲੀ ਇੰਡੀਪੈਨਡੈਂਟ ਲਿਵਿੰਗ ਰੀਸੋਰਸ ਸੈਂਟਰ 250-746-3930
- ਕੈਮਲੂਪਸ ਪੀਪਲ ਇਨ ਮੋਸ਼ਨ 250-376-7878
- ਨਨਾਇਮੋ ਇੰਡੀਪੈਨਡੈਂਟ ਲਿਵਿੰਗ ਸੈਂਟਰ 250-758-5547
- ਰਿਚਮੰਡ ਸੈਂਟਰ ਫਾਰ ਡਿਸਏਬਿਲਟੀ 604-232-2404
- ਵਰਨਨ ਇੰਡੀਪੈਨਡੈਂਟ ਲਿਵਿੰਗ ਰੀਸੋਰਸ ਸੈਂਟਰ 1-877-288-1088
- ਵਿਕਟੋਰੀਆ ਡਿਸਏਬਿਲਟੀ ਰੀਸੋਰਸ ਸੈਂਟਰ 250-595-0044
- ਵੈਸਕੌਮ ਮੈਡੀ-ਲੇਂਡ (ਲੈਂਗਫੋਰਡ) 250-478-5373

ਬਾਕੀ ਸਾਰੇ ਇਲਾਕਿਆਂ ਲਈ ਫੋਨ ਕਰੋ: ਸੋਸ਼ਲ ਪਲੈਨਿੰਗ ਐਂਡ ਰੀਸਰਚ ਕੌਂਸਲ ਆਫ ਬੀ ਸੀ 604-718-7744

☐ **ਹੈਂਡੀਡਾਰਟ**
ਆਪਣੀ ਫੋਨਾਂ ਵਾਲੀ ਕਿਤਾਬ ਵਿਚ ਹੈਂਡੀਡਾਰਟ ਦੀ ਲਿਸਟਿੰਗ ਦੇਖੋ।

☐ **ਹੈਂਡੀਪਾਸ ਅਤੇ ਟੈਕਸੀ ਸੇਵਰ**
ਲੋਅਰ ਮੇਨਲੈਂਡ ਵਿਚ, ਟ੍ਰਾਂਸਲਿੰਕ ਦੇ ਆਪਣੇ ਸਥਾਨਕ ਦਫਤਰ ਨਾਲ ਸੰਪਰਕ ਕਰੋ ਜਾਂ www.translink.bc.ca ’ਤੇ ਜਾਉ। ਹੋਰ ਇਲਾਕਿਆਂ ਦੇ ਲੋਕਾਂ ਨੂੰ ਆਪਣੇ ਸਥਾਨਕ ਟ੍ਰਾਂਜ਼ਿਟ ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

☐ **ਗਰੇਅਹਾਊਂਡ (ਅਤੇ ਟ੍ਰਾਂਜ਼ਿਟ ਤੋਂ ਇਲਾਵਾ ਹੋਰ ਬੱਸ ਲਾਈਨਾਂ) ਅਤੇ ਵੀਆ ਰੇਲ**
ਲਾਇਨਜ਼ ਸੁਸਾਇਟੀ ਆਫ ਬੀ ਸੀ ਤੋਂ ਮਿਲੇ ਡਿਸਏਬਿਲਟੀ ਟਰੈਵਲ ਕਾਰਡ ਨਾਲ ਸਾਂਭਣ ਵਾਲੇ ਮੁਫਤ ਸਫਰ ਕਰਦੇ ਹਨ। 604-873-1865 ’ਤੇ ਫੋਨ ਕਰੋ, ਜਾਂ ਜੇ ਤੁਸੀਂ ਲੋਅਰ ਮੇਨਲੈਂਡ ਤੋਂ ਬਾਹਰ ਹੋ ਤਾਂ 1-800-818-4483 ’ਤੇ ਫੋਨ ਕਰੋ। ਨੇਤਰਹੀਣ ਜਾਂ ਬਹੁਤ ਘੱਟ ਨਿਗ੍ਹਾ ਵਾਲੇ ਲੋਕ ਆਪਣਾ ਸੀ ਐੱਨ ਆਈ ਬੀ ਕਾਰਡ ਦਿਖਾ ਸਕਦੇ ਹਨ। ਆਪਣੇ ਐੱਮ ਐੱਸ ਡੀ ਦਫਤਰ ਤੋਂ ਅਰਜ਼ੀ ਫਾਰਮ ਲਵੋ।

## ਆਰਾਮ

☐ **ਬੀ ਸੀ ਦੇ ਸੂਬਾਈ ਪਾਰਕਾਂ ਵਿਚ ਕੈਂਪਿੰਗ ਮੁਫਤ ਹੈ**
ਕੈਂਪਸਾਈਟ ਦੇ ਓਪਰੇਟਰਾਂ ਨੂੰ ਦੇਣ ਲਈ ਐੱਮ ਐੱਸ ਡੀ ਤੋਂ ਰਿਲੀਜ਼ ਆਫ ਇਨਫਰਮੇਸ਼ਨ ਫਾਰਮ ਲਵੋ। ਕੁਝ ਖਾਸ ਮਾਨਤਾ ਪ੍ਰਾਪਤ ਕੈਂਪਾਂ ਵਿਖੇ ਕੈਂਪਿੰਗ ਲਈ ਪੂਰੇ ਜਾਂ ਥੋੜ੍ਹੇ ਫੰਡ ਉਪਲਬਧ ਹਨ।

☐ **ਮੱਛੀਆਂ ਫੜਨ ਦੇ ਲਾਇਸੰਸ ਦੀ ਫੀਸ ਵਿਚ ਕਮੀ**
ਆਪਣੀ ਸਥਾਨਕ ਫੋਨ ਬੁੱਕ ਦੇ ਨੀਲੇ ਪੰਨਿਆਂ ਵਿਚ ਸਰਵਿਸ ਬੀ ਸੀ ਗਵਰਨਮੈਂਟ ਏਜੰਟਸ ਹੇਠ ਦੇਖੋ। ਉਹ ਤੁਹਾਨੂੰ ਲੋੜੀਂਦੀ ਜਾਣਕਾਰੀ ਅਤੇ ਅਰਜ਼ੀ ਫਾਰਮ ਦੇਣ ਦੇ ਯੋਗ ਹੋਣਗੇ।

☐ **ਮਨੋਰੰਜਨ/ਕਮਿਊਨਟੀ ਸੈਂਟਰਾਂ ਅਤੇ ਪ੍ਰੋਗਰਾਮਾਂ ਤੱਕ ਪਹੁੰਚ**
ਬਹੁਤ ਸਾਰੀਆਂ ਮਿਊਂਸਪਿਲਟੀਆਂ ਡਿਸਏਬਿਲਟੀਜ਼ ਵਾਲੇ ਉਨ੍ਹਾਂ ਲੋਕਾਂ ਲਈ ਕੁਝ ਸਹਾਇਤਾ ਪ੍ਰਦਾਨ ਕਰਦੀਆਂ ਹਨ ਜਿਹੜੇ ਉਨ੍ਹਾਂ ਦੇ ਮਨੋਰੰਜਨ ਦੇ ਪ੍ਰੋਗਰਾਮਾਂ ਤੱਕ ਪਹੁੰਚ ਕਰਨਾ ਚਾਹੁੰਦੇ ਹਨ। ਜਾਣਕਾਰੀ ਲਈ ਆਪਣੇ ਸਥਾਨਕ ਰਿਕਰੀਏਸ਼ਨ/ਕਮਿਊਨਟੀ ਸੈਂਟਰ ਨੂੰ ਫੋਨ ਕਰੋ।

# ਹੋਰ ਪ੍ਰੋਗਰਾਮ ਜਿਹੜੇ ਤੁਹਾਨੂੰ ਮਦਦ ਕਰਨ ਵਾਲੇ ਲੱਗ ਸਕਦੇ ਹਨ

## ਸਾਜ਼-ਸਾਮਾਨ ਅਤੇ ਮਦਦ ਕਰਨ ਵਾਲੇ ਯੰਤਰ

ਰੋਜ਼ਾਨਾ ਰਹਿਣੀ-ਬਹਿਣੀ ਦੇ ਕਾਰਜਾਂ ਵਿਚ ਮਦਦ ਲਈ ਸਾਜ਼-ਸਾਮਾਨ ਅਤੇ ਮਦਦ ਕਰਨ ਵਾਲੇ ਯੰਤਰਾਂ ਬਾਰੇ ਜਾਣਕਾਰੀ ਲਈ ਸੂਬਾਈ ਸਰਕਾਰ ਦੀ ਪਰਸਨਲ ਸੁਪੋਰਟਸ ਇਨਫਰਮੇਸ਼ਨ ਲਾਈਨ ਨਾਲ 1-888-818-1211 ’ਤੇ, ਟੀ ਟੀ ਵਾਈ 1-800-661-8773 ’ਤੇ ਸੰਪਰਕ ਕਰੋ ਜਾਂ www.personalsupports.bc.ca vYWbsfeIt ’ਤੇ ਜਾਉ। ਤੁਸੀਂ ਬਿਨਾਂ ਮੁਨਾਫੇ ਦੇ ਕੰਮ ਕਰਨ ਵਾਲੇ ਬੀ ਸੀ ਪਰਸਨਲ ਸੁਪੋਰਟਸ ਨੈੱਟਵਰਕ ਨਾਲ ਵੀ 1-877-333-7554 ’ਤੇ ਜਾਂ www.bcpsn.org ’ਤੇ ਸੰਪਰਕ ਕਰ ਸਕਦੇ ਹੋ।

## ਰਜਿਸਟਰਿਡ ਡਿਸਏਬਿਲਟੀ ਸੇਵਿੰਗਜ਼ ਪਲੈਨ (ਆਰ ਡੀ ਐੱਸ ਪੀ)

ਇਹ ਇਕ ਨਵਾਂ ਉੱਦਮ ਹੈ ਜੋ ਕਿ ਡਿਸਏਬਿਲਟੀਜ਼ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਉਪਲਬਧ ਹੈ। ਆਰ ਡੀ ਐੱਸ ਪੀ ਲਈ ਯੋਗ ਹੋਣ ਲਈ ਤੁਹਾਡੇ ਲਈ 3 ਕਦਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

1. ਇਹ ਪੱਕਾ ਕਰੋ ਕਿ ਤੁਸੀਂ ਡਿਸਏਬਿਲਟੀ ਟੈਕਸ ਕਰੈਡਿਟ ਲਈ ਹੱਕਦਾਰ ਹੋ ਅਤੇ ਇਸ ਲਈ ਅਪਲਾਈ ਕਰੋ।
2. ਤੁਹਾਡੇ ਕੋਲ ਸਹੀ ਸੋਸ਼ਲ ਇਨਸ਼ੋਰੈਂਸ ਨੰਬਰ ਹੋਣਾ ਜ਼ਰੂਰੀ ਹੈ।
3. ਆਪਣੇ ਟੈਕਸ ਦੇ ਪੇਪਰ ਸਮੇਂ ਸਿਰ ਭਰੇ ਹੋਣੇ ਚਾਹੀਦੇ ਹਨ।

ਤੁਸੀਂ www.bccpd.bc.ca/rdsp.htm ’ਤੇ ਸਾਡੇ ਵੈੱਬਸਾਈਟ ’ਤੇ ਬਹੁਤ ਸਾਰੇ ਮੁਫਤ ਆਰ ਡੀ ਐੱਸ ਪੀ ਵਸੀਲੇ ਲੱਭ ਸਕਦੇ ਹੋ।

## ਬੀ ਸੀ ਹਾਈਡਰੋ ਐਨਰਜੀ ਸੇਵਿੰਗਜ਼ ਕਿੱਟਾਂ

ਬੀ ਸੀ ਹਾਈਡਰੋ ਘੱਟ ਆਮਦਨ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਐਨਰਜੀ ਬਚਾਉਣ ਦੀਆਂ ਮੁਫਤ ਕਿੱਟਾਂ ਪ੍ਰਦਾਨ ਕਰਦੀ ਹੈ। ਕਿੱਟ ਵਿਚ ਇਸ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਘੱਟ ਪਾਣੀ ਵਰਤਣ ਵਾਲੇ ਸ਼ਾਵਰ, ਹੀਟ ਬਾਹਰ ਜਾਣ ਤੋਂ ਰੋਕਣ ਲਈ ਸਟਰਿੱਪਾਂ ਅਤੇ ਬਿਜਲੀ ਬਚਾਉਣ ਵਾਲੇ ਬਲਬ। ਹੱਕਦਾਰ ਹੋਣ ਲਈ, ਤੁਹਾਡੇ ਕੋਲ ਆਪਣੇ ਨਾਂ ’ਤੇ ਬੀ ਸੀ ਹਾਈਡਰੋ ਦਾ ਅਕਾਊਂਟ ਹੋਣਾ ਜ਼ਰੂਰੀ ਹੈ। ਬੀ ਸੀ ਹਾਈਡਰੋ ਨੂੰ 1-877-431-9463 ’ਤੇ ਫੋਨ ਕਰੋ ਜਾਂ ਬੀ ਸੀ ਸੀ ਪੀ ਡੀ ਦੇ ਦਫਤਰ ਨਾਲ ਸੰਪਰਕ ਕਰੋ।

**ਐਡਵੋਕੇਸੀ ਐਕਸੈੱਸ ਲਈ ਤਿਆਰ ਕੀਤਾ**
**ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਟੀਜ਼ ਦਾ ਇਕ ਪ੍ਰੋਗਰਾਮ**

204-456 W. Broadway, Vancouver, BC V5Y 1R3 • ਟੈਲੀਫੋਨ: 604.872.1278 • ਫੈਕਸ 604.875.9227
ਟੀ ਟੀ ਵਾਈ 604.875.8835 • ਟੋਲ ਫਰੀ 1.800.663.1278 • www.bccpd.bc.ca

ਇਸ ਹੈਲਪ ਸ਼ੀਟ ਲਈ ਫੰਡ ਲੀਗਲ ਸਰਵਿਸਿਜ਼ ਸੁਸਾਇਟੀ ਆਫ ਬੀ ਸੀ, ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ ਕੈਨੇਡਾ: ਹੋਮਲੈੱਸਨੈੱਸ ਪਾਰਟਨਰਿੰਗ ਸਟਰੈਟਜੀ ਅਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ ਤੋਂ ਮਿਲੇ ਹਨ।